ਦਫਤਰ ਜਿਲਾ ਮੈਜਿਸਟਰੇਟ, ਜਲੰਧਰ
Office of the District Magistrate
Jalandhar (Punjab)

No. ......................

Date ......................

Phone :0181-2224783(O)
:0181-2459664(R)
Fax :0181-2224727
Email: dc.jal@punjabmail.gov.in

## ਹੁੱਕਮ

ਕੋਵਿਡ-19 (ਕਰੋਨਾ ਵਾਇਰਸ) ਵਾਇਰਸ ਵੱਲੋਂ ਪੂਰੇ ਵਿਸ਼ਵ ਵਿੱਚ ਦਹਿਸ਼ਤ ਫੈਲਾਈ ਹੈ। ਜਿਸ ਨੂੰ ਸਰਕਾਰ ਵੱਲੋਂ ਵੀ ਮਹਾਂਮਾਰੀ ਬਿਮਾਰੀ ਘੋਸ਼ਿਤ ਕੀਤਾ ਜਾ ਚੁੱਕਾ ਹੈ ਅਤੇ ਇਸ ਨੇ ਆਪਣੇ ਪੈਰ ਭਾਰਤ ਵਿੱਚ ਵੀ ਪਸਾਰਨੇ ਸ਼ੁਰੂ ਕਰ ਦਿੱਤੇ ਹਨ। ਜਿਸ ਦੀ ਰੋਕਥਾਮ ਕਰਨੀ ਬਹੁਤ ਜਰੂਰੀ ਹੋ ਚੁੱਕੀ ਹੈ।

ਇਸ ਸਬੰਧੀ ਇਸ ਦਫਤਰ ਦੇ ਪੱਤਰ ਨੰ 3062-85/ਐਮ.ਸੀ-4/ਐਮ.ਏ ਮਿਤੀ 23-03-2020 ਰਾਂਹੀ ਜਿਲ੍ਹਾ ਜਲੰਧਰ ਵਿੱਚ ਕਰਫਿਊ ਲਾਗੂ ਕਰਨ ਸਬੰਧੀ ਹੁਕਮ ਜਾਰੀ ਕੀਤੇ ਗਏ ਸਨ। ਲੋਕਾਂ ਨੂੰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਲਈ ਇਸ ਦਫਤਰ ਦੇ ਪੱਤਰ ਨੰ 4496-4502/ਐਮ.ਸੀ.-4/ਐਮ.ਏ ਮਿਤੀ 28-03-2020 ਰਾਂਹੀ Retailer/Wholesaler ਕੈਮਿਸਟਾਂ ਨੂੰ ਛੋਟ ਦਿੱਤੀ ਗਈ ਸੀ। ਇਹਨਾਂ ਹੁਕਮਾਂ ਵਿੱਚ ਲੋਕਾਂ ਦੀ ਸਿਹਤ ਅਤੇ ਲੋੜਾਂ ਨੂੰ ਮੁੱਖ ਰੱਖਦੇ ਹੋਏ ਹੇਠ ਲਿਖੇ ਅਨੁਸਾਰ ਅੰਸ਼ਿਕ ਸੋਧ ਕੀਤੀ ਜਾਂਦੀ ਹੈ:-

1. ਜਿਲ੍ਹਾ ਜਲੰਧਰ ਦੀ ਹਦੂਦ ਅੰਦਰ ਆਉਂਦੇ ਸਾਰੇ Retailer/Wholesaler ਕੈਮਿਸਟ ਸਵੇਰੇ 10.00 ਵਜੇ ਤੋਂ ਸ਼ਾਮ 05.00 ਵਜੇਂ ਤੱਕ ਖੁੱਲ੍ਹੇ ਰਹਿਣਗੇ।
2. ਇਹਨਾਂ ਦੁਕਾਨਾਂ ਤੇ ਦਵਾਈ ਲੈਣ ਲਈ ਸਿਰਫ ਐਮਰਜੈਂਸੀ ਦੌਰਾਨ ਇਕ ਪਰਿਵਾਰ ਤੋਂ ਸਿਰਫ ਇੱਕ ਵਿਅਕਤੀ ਹੀ ਜਾ ਸਕਦਾ ਹੈ, ਪਰੰਤੂ ਸ਼ਰਤ ਇਹ ਹੋਵੇਗੀ ਕਿ ਉਹ ਦਵਾਈ ਲੈਣ ਪੈਦਲ ਜਾਵੇਗਾ, ਉਸ ਨੂੰ ਕੋਈ ਵੀ ਵਹੀਕਲ ਵਰਤਨ ਦੀ ਮਨਾਹੀ ਹੋਵੇਗੀ।
3. ਜਦੋਂ ਇਹ ਵਿਅਕਤੀ ਦਵਾਈ ਲੈਣ ਜਾਂਦਾ ਹੈ ਤਾਂ ਉਸ ਪਾਸ ਡਾਕਟਰ ਦੀ ਲਿਖੀ ਹੋਈ ਪਰਚੀ (Presecription) ਹੋਣੀ ਲਾਜਮੀ ਹੋਵੇਗੀ।
4. ਇਹ ਦੁਕਾਨਾਂ ਤੇ ਦਵਾਈ ਵੇਚਦੇ ਸਮੇਂ ਹਰ ਦੁਕਾਨਦਾਰ ਇਹ ਯਕੀਨੀ ਬਣਾਏਗਾ ਕਿ ਦੁਕਾਨ ਦੇ ਬਾਹਰ ਚਿੱਟੇ ਰੰਗ ਦੇ ਗੋਲੇ ਬਣਾਏ ਗਏ ਹੋਣ ਤਾਂ ਜੋ ਸਮਾਜਿਕ ਦੂਰੀ (Social Distance) ਸਬੰਧੀ ਸਿਹਤ ਵਿਭਾਗ ਦੀਆਂ ਹਦਾਇਤਾਂ ਮੁਤਾਬਿਕ ਘੱਟੋ-ਘੱਟ 2 ਵਿਅਕਤੀਆਂ ਵਿਚਕਾਰ 1.5 ਮੀਟਰ ਦਾ ਫਾਸਲਾ ਰੱਖਿਆ ਜਾਵੇ ਤਾਂ ਜੋ ਕਰੋਨਾ ਵਾਇਰਸ ਦੀ ਬਿਮਾਰੀ ਨਾ ਫੈਲ ਸਕੇ। ਸਾਰੇ ਦੁਕਾਨਦਾਰ ਮਾਸਕ ਅਤੇ ਸੈਨੀਟਾਇਜ਼ਰ ਦਾ ਇਸਤੇਮਾਲ ਕਰਨਾ ਅਤੇ ਸਮੇਂ-ਸਮੇਂ ਤੇ ਕੋਵੀਡ-19 ਸਬੰਧੀ ਪ੍ਰਾਪਤ ਹੋਈਆਂ ਹਦਾਇਤਾਂ ਦੀ ਪਾਲਣਾ ਕਰਨਾ ਯਕੀਨੀ ਬਣਾਉਗੇ।
5. ਇਸ ਦੌਰਾਨ ਸਿਹਤ ਵਿਭਾਗ ਦੀਆਂ ਡਰੱਗ ਸਬੰਧੀ ਹਦਾਇਤਾਂ ਅਤੇ ਕੋਵੀਡ-19 ਤੋਂ ਬਚਣ ਸਬੰਧੀ ਅਹਿਤਿਆਤ (Precautions) ਦੀਆਂ ਹਦਾਇਤਾਂ ਨੂੰ ਲਾਗੂ ਕਰਾਉਣ ਦੀ ਜਿਮੇਵਾਰੀ ਜੋਨਲ ਲਾਈਲੈਂਸਿੰਗ ਅਥਾਰਟੀ (ਡਰਗਜ਼) ਦੀ ਹੋਵੇਗੀ ਅਤੇ ਸੁਰੱਖਿਆ ਸਬੰਧੀ ਇੰਤਜਾਮ ਕਰਨ ਦੀ ਡਿਊਟੀ ਕਮਿਸ਼ਨਰ ਆਫ ਪੁਲਿਸ/ਸੀਨੀਅਰ ਪੁਲਿਸ ਕਪਤਾਨ (ਦਿਹਾਤੀ), ਜਲੰਧਰ ਦੀ ਹੋਵੇਗੀ।
6. ਮਰੀਜਾਂ ਵੱਲੋਂ ਸਿਰਫ ਰਿਟੇਲਰ ਪਾਸੋਂ ਹੀ ਦਵਾਈਆਂ ਖਰੀਦ ਕੀਤੀਆਂ ਜਾ ਸਕਦੀਆਂ ਹਨ। ਕਿਸੇ ਵੀ ਹੋਲ ਸੇਲਰ ਦੀ ਦੁਕਾਨ ਤੋਂ ਮਰੀਜ ਸਿੱਧਾ ਦਵਾਈ ਦੀ ਖਰੀਦ ਨਹੀਂ ਕਰੇਗਾ। ਹੋਲ ਸੇਲਰ ਦੀਆਂ ਦੁਕਾਨਾਂ ਤੋਂ ਸਿਰਫ ਰਿਟੇਲਰਾਂ ਨੂੰ ਦਵਾਈਆਂ ਵੇਚੀਆਂ ਜਾਣਗੀਆਂ ਤਾਂ ਜੋ ਮਰੀਜਾਂ ਦੀ ਭੀੜ ਨਾ ਲਗੇ।
7. ਸਿਹਤ ਵਿਭਾਗ ਦੀਆਂ ਹਦਾਇਤਾਂ ਅਨੁਸਾਰ ਡਾਕਟਰ ਵੱਲੋਂ ਲਿਖੀ ਗਈ ਪਰਚੀ ਅਨੁਸਾਰ ਆਨਲਾਈਨ ਦਵਾਈਆਂ ਦੀ ਡਲਿਵਰੀ ਘਰੋ-ਘਰੀ ਕੀਤੀ ਜਾ ਸਕਦੀ ਹੈ ਬਸ਼ਰਤੇ ਕਿ ਇਸ ਨਾਲ ਕਿਸੇ ਡਰੱਗ ਕਾਨੂੰਨ ਦੀ ਉਲੰਘਣਾ ਨਾ ਹੁੰਦੀ ਹੋਵੇ।

ਕੇਂਦਰ ਅਤੇ ਰਾਜ ਸਰਕਾਰ ਵੱਲੋਂ ਕੋਵਿਡ-19 ਨੂੰ ਮਹਾਂਮਾਰੀ ਘੋਸ਼ਿਤ ਕਰਕੇ National Disaster Management Act, 2005 ਨੂੰ Invoke ਕੀਤਾ ਜਾ ਚੁੱਕਾ ਹੈ। ਇਸ ਲਈ ਇਹ ਆਰਡਰ ਲੋਕ ਹਿੱਤ ਨੂੰ ਧਿਆਨ ਵਿੱਚ ਰਖਦੇ ਹੋਏ ਕੀਮਤੀ ਮਨੁੱਖੀ ਜਾਨਾਂ ਨੂੰ ਬਚਾਉਣ ਲਈ ਪਾਸ ਕੀਤਾ ਜਾ ਰਿਹਾ ਹੈ।

ਜਿਲ੍ਹਾ ਮੈਜਿਸਟਰੇਟ
ਜਲੰਧਰ

Scanned with CamScanner

# ਦਫਤਰ ਜਿਲਾ ਮੈਜਿਸਟਰੇਟ, ਜਲੰਧਰ
**Office of the District Magistrate**
Jalandhar (Punjab)

No. ..........................
Date ..........................

Phone :0181-2224783(O)
:0181-2459664(R)
Fax :0181-2224727
Email: dc.jal@punjabmail.gov.in


ਪਿੱਠ ਅੰਕਣ ਨੰ. /ਐਮ.ਸੀ.4/ਐਮ.ਏ ਮਿਤੀ- 07-04-2020

ਇਸ ਦਾ ਇਕ ਉਤਾਰਾ ਹੇਠ ਦਰਜ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ-

1. ਵਧੀਕ ਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਚੰਡੀਗੜ੍ਹ, ਪੰਜਾਬ
2. ਕਮਿਸ਼ਨਰ ਜਲੰਧਰ ਮੰਡਲ, ਜਲੰਧਰ
3. ਕਮਿਸ਼ਨਰ ਆਫ ਪੁਲਿਸ ਜਲੰਧਰ ਅਤੇ ਸੀਨੀਅਰ ਪੁਲਿਸ ਕਪਤਾਨ (ਦਿਹਾਤੀ) ਜਲੰਧਰ
4. ਸਮੂਹ ਉਪ ਮੰਡਲ ਮੈਜਿਸਟਰੇਟ, ਜਿਲ੍ਹਾ ਜਲੰਧਰ।
5. ਜਿਲ੍ਹਾ ਲੋਕ ਸਪੰਰਕ ਅਫਸਰ, ਜਲੰਧਰ
6. ਜੋਨਲ ਲਾਇਸੈਂਸਿੰਗ ਅਥਾਰਟੀ (ਡਰਗਜ਼), ਜਲੰਧਰ
7. ਸੁਪਪਡੰਟ ਗਰੇਡ-1, ਪੀ.ਏ. ਟੂ ਡੀ.ਐਮ., ਸਟੈਨੋ ਟੂ ਏ.ਡੀ.ਐਮ, ਸਟੈਨੋ ਟੂ ਏ.ਸੀ(ਜ), ਸਟੈਨੋ ਟੂ ਏ.ਸੀ(ਸ਼ਿ)

ਵਾ. ਜਿਲ੍ਹਾ ਮੈਜਿਸਟਰੇਟ
ਜਲੰਧਰ।

Scanned with CamScanner